# *ਪਤੀ/ਪਤਨੀ ਨੂੰ ਸਪੌਂਸਰ ਕਰਨ ਦੀ ਪਾਲਸੀ ਵਿਚ ਤਬਦੀਲੀ ’ਤੇ ਇਕ ਨਜ਼ਰ*

*ਫੈਡਰਲ ਸਰਕਾਰ ਨੇ ਸ਼ਰਤਾਂ ਨਾਲ ਪੱਕੇ ਵਸਨੀਕ (ਪ੍ਰਮਾਨੈਂਟ ਰੈਜ਼ੀਡੈਂਸ) ਬਣਨ ਦਾ ਸਮਾਂ ਲਾਗੂ ਕੀਤਾ ਹੈ ਜਿਹੜਾ ਕੈਨੇਡਾ ਵਿਚ ਰਹਿਣ ਲਈ ਸਪੌਂਸਰ ਕੀਤੇ ਜਾਣ ਵਾਲੇ ਕੁਝ ਪਤੀ/ਪਤਨੀਆਂ (ਸਪਾਉਸਿਜ਼) ’ਤੇ ਅਸਰ ਪਾਉਂਦਾ ਹੈ। ਸਪੌਂਸਰ ਕੀਤੇ ਜਾਣ ਵਾਲੇ ਜਿਹੜੇ ਪਤੀ/ਪਤਨੀਆਂ ਦਾ ਰਿਸ਼ਤਾ ਦੋ ਸਾਲ ਜਾਂ ਘੱਟ ਸਮੇਂ ਤੋਂ ਹੈ, ਅਤੇ ਜਿਨ੍ਹਾਂ ਕੋਲ ਸਪੌਂਸਰਸ਼ਿਪ ਦੀ ਅਰਜ਼ੀ ਕਰਨ ਦੇ ਸਮੇਂ ਆਪਣੇ ਸਪੌਂਸਰ ਨਾਲ ਬੱਚੇ ਨਹੀਂ ਹਨ, ਉਨ੍ਹਾਂ ਦੇ ਪੱਕੇ ਵਸਨੀਕ (ਪ੍ਰਮਾਨੈਂਟ ਰੈਜ਼ੀਡੈਂਸ) ਬਣਨ ਦੇ ਦਰਜੇ ਨਾਲ ਇਕ ਸ਼ਰਤ ਜੋੜੀ ਗਈ ਹੈ। ਸਪੌਂਸਰ ਕੀਤੇ ਗਏ ਪਤੀ/ਪਤਨੀ ਲਈ, ਕੈਨੇਡਾ ਵਿਚ ਪੱਕੇ ਵਸਨੀਕ ਦਾ ਦਰਜਾ ਮਿਲਣ ਤੋਂ ਬਾਅਦ ਦੋ ਸਾਲਾਂ ਦੇ ਲਗਾਤਾਰ ਸਮੇਂ ਲਈ ਸਪੌਂਸਰ ਨਾਲ ਅਸਲੀ ਰਿਸ਼ਤੇ ਵਿਚ ਰਹਿਣਾ ਜ਼ਰੂਰੀ ਹੈ ਅਤੇ ਉਨ੍ਹਾਂ ਦੇ ਪੱਕੇ ਵਸਨੀਕ ਬਣਨ ’ਤੇ ਲੱਗੀਆਂ ਸ਼ਰਤਾਂ ਹਟਾਉਣ ਤੋਂ ਪਹਿਲਾਂ ਇਹ ਸ਼ਰਤ ਪੂਰੀ ਹੋਣਾ ਜ਼ਰੂਰੀ ਹੈ। ਜੇ ਇਹ ਸ਼ਰਤ ਪੂਰੀ ਨਹੀਂ ਕੀਤੀ ਜਾਂਦੀ ਤਾਂ ਸਪੌਂਸਰ ਕੀਤੇ ਗਏ ਪਤੀ/ਪਤਨੀ ਨੂੰ ਕੈਨੇਡਾ ਤੋਂ ਕੱਢਿਆ ਜਾ ਸਕਦਾ ਹੈ ਅਤੇ ਉਸ ਨੂੰ ਉਸ ਦੇ ਪਿਛਲੇ ਦੇਸ਼ ਨੂੰ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ।*

*ਇਸ ਪੈਂਫਲਿਟ ਦਾ ਮੰਤਵ, ਇਸ ਨਿਯਮ ਦੇ ਮਤਲਬਾਂ ਨੂੰ ਅਤੇ ਨਵੀਆਂ ਆਉਣ ਵਾਲੀਆਂ ਅਤੇ ਇਮੀਗਰਾਂਟ ਔਰਤਾਂ ਨਾਲ ਬੁਰੇ ਵਰਤਾਉ ਕਰਕੇ ਨਿਯਮ ਵਿਚ ਛੋਟ ਨੂੰ ਸਮਝਣ ਵਿਚ ਮਦਦ ਕਰਨਾ ਹੈ ਜਿਹੜੀਆਂ ਆਪਣੇ ਸਪੌਂਸਰ ਦੇ ਬੁਰੇ ਵਰਤਾਉ ਵਾਲੇ ਸੰਬੰਧਾਂ ਦਾ ਸ਼ਿਕਾਰ ਹੋ ਜਾਂਦੀਆਂ ਹਨ। ਇਹ ਜਾਣਕਾਰੀ ਮਰਦਾਂ ਅਤੇ ਔਰਤਾਂ ਦੋਨਾਂ ਲਈ ਹੈ, ਪਰ ਹੈਟਰੋਸੈਕਸ਼ੂਅਲ ਮਰਦ ਜਾਂ ਸੇਮ-ਸੈਕਸ ਸਬੰਧਾਂ ਵਿਚਲੇ ਮਰਦ ਵੀ ਆਪਣੇ ਪਾਰਟਨਰ ਦੀ ਹਿੰਸਾ ਦਾ ਸ਼ਿਕਾਰ ਹੋ ਸਕਦੇ ਹਨ।*

## *ਨਵੇਂ ਆਉਣ ਵਾਲੇ ਪਤੀ/ਪਤਨੀਆਂ ਨੂੰ ਕੀ ਜਾਣਨ ਦੀ ਲੋੜ ਹੈ...*

ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਕੈਨੇਡਾ ਨੇ ਪਤੀ/ਪਤਨੀ ਨੂੰ ਸਪੌਂਸਰ ਕਰਨ ਦੀ ਪਾਲਸੀ (ਸਪਾਉਜ਼ਲ ਸਪੌਂਸਰਸ਼ਿਪ ਪਾਲਸੀ) ਵਿਚ ਅੱਗੇ ਲਿਖੀ ਤਬਦੀਲੀ ਕੀਤੀ ਹੈ:

- ☐ ਸਾਰੇ ਪਤੀ/ਪਤਨੀਆਂ, ਕੌਮਨ ਲਾਅ ਜਾਂ ਵਿਆਹ ਨਾਲ ਸੰਬੰਧਿਤ ਸਪੌਂਸਰਸ਼ਿਪ ਦੀਆਂ 25 ਅਕਤੂਬਰ, 2012 ਨੂੰ ਜਾਂ ਇਸ ਤੋਂ ਬਾਅਦ ਪ੍ਰਾਪਤ ਹੋਈਆਂ ਅਰਜ਼ੀਆਂ ਲਈ, ਸਪੌਂਸਰ ਕੀਤੇ ਗਏ ਜਿਹੜੇ ਪਤੀ/ਪਤਨੀ ਆਪਣੇ ਸਪੌਂਸਰ ਨਾਲ ਦੋ ਸਾਲ ਜਾਂ ਘੱਟ ਸਮੇਂ ਤੋਂ ਰਿਸ਼ਤੇ ਵਿਚ ਹਨ ਅਤੇ ਜਿਨ੍ਹਾਂ ਕੋਲ ਆਪਣੇ ਸਪੌਂਸਰ ਨਾਲ ਬੱਚੇ ਨਹੀਂ ਹਨ, ਉਹ ***ਸ਼ਰਤਾਂ ਨਾਲ ਪੱਕੇ ਵਸਨੀਕ*** ਬਣਨਗੇ।

## *ਸ਼ਰਤਾਂ ਨਾਲ ਪੱਕੇ ਵਸਨੀਕ ਬਣਨਾ (ਕੰਡੀਸ਼ਨਲ ਪ੍ਰਮਾਨੈਂਟ ਰੈਜ਼ੀਡੈਂਸ) ਕੀ ਹੈ?*

ਇਹ ਇਮੀਗਰੇਸ਼ਨ ਐਂਡ ਰਫਿਊਜੀ ਪ੍ਰੋਟੈਕਸ਼ਨ ਰੈਗੂਲੇਸ਼ਨ ਵਿਚ ਇਕ ਸੋਧ ਹੈ ਜਿਹੜੀ ਇਨ੍ਹਾਂ ’ਤੇ **ਲਾਗੂ** ਹੁੰਦੀ ਹੈ:



*ਇਸ ਲਿਖਤ ਵਿਚਲੀ ਜਾਣਕਾਰੀ ਕੈਨੇਡਾ ਇਮੀਗਰੇਸ਼ਨ ਐਂਡ ਰਫਿਊਜੀ ਪ੍ਰੋਟੈਕਸ਼ਨ ਐਕਟ ਅਤੇ ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਕੈਨੇਡਾ ਦੇ ਵੈੱਬਸਾਈਟ ਤੋਂ ਲਈ ਗਈ ਹੈ। ਕੁਝ ਜਾਣਕਾਰੀ ਕੈਨੇਡੀਅਨ ਕੌਂਸਲ ਫਾਰ ਰਫਿਊਜੀਜ਼ ਤੋਂ ਅਪਣਾਈ ਗਈ ਹੈ।*

[Punjabi]

- ☐ ਆਪਣੇ ਸਪੌਂਸਰ ਨਾਲ ਦੋ ਸਾਲ ਜਾਂ ਘੱਟੇ ਸਮੇਂ ਦੇ ਰਿਸ਼ਤੇ ਵਾਲੇ ਪਤੀ/ਪਤਨੀ, ਕੌਮਨ-ਲਾਅ ਜਾਂ ਵਿਆਹੁਤਾ ਪਾਰਟਨਰ; ਅਤੇ ਜਿਨ੍ਹਾਂ ਦੇ ਆਪਣੀ ਸਪੌਂਸਰਸ਼ਿਪ ਦੀ ਅਰਜ਼ੀ ਦਰਜ ਕਰਵਾਉਣ ਵੇਲੇ ਆਪਣੇ ਸਪੌਂਸਰ ਨਾਲ ਸਾਂਝੇ ਬੱਚੇ ਨਹੀਂ ਹਨ।

## *ਇਹ ਪਤਾ ਲਾਉਣਾ ਕਿ ਕੀ ਸ਼ਰਤ ਲਾਗੂ ਹੁੰਦੀ ਹੈ:*

ਸ਼ਰਤ ਲਾਗੂ ਹੁੰਦੀ ਹੈ ਜੇ:

- ☐ ਜੋੜੇ ਦਾ ਵਿਆਹ ਦੋ ਸਾਲ ਜਾਂ ਘੱਟ ਸਮੇਂ ਤੋਂ ਹੈ; ਜਾਂ ਜੋੜੇ ਨੇ ਚਾਰ ਸਾਲ ਡੇਟਿੰਗ ਕੀਤੀ ਹੈ, ਪਰ ਵਿਆਹ ਹੋਏ ਨੂੰ ਦੋ ਸਾਲ ਜਾਂ ਘੱਟ ਸਮਾਂ ਹੋਇਆ ਹੈ; ਜਾਂ
- ☐ ਜੋੜਾ ਦੋ ਸਾਲ ਜਾਂ ਘੱਟ ਸਮੇਂ ਤੋਂ ਵਿਆਹੁਤਾ ਰਿਸ਼ਤੇ ਵਿਚ ਰਹਿ ਰਿਹਾ ਹੈ; ਜਾਂ
- ☐ ਜੋੜਾ ਦੋ ਸਾਲ ਜਾਂ ਘੱਟ ਸਮੇਂ ਤੋਂ ਕੌਮਨ-ਲਾਅ ਰਿਸ਼ਤੇ ਵਿਚ ਰਹਿ ਰਿਹਾ ਹੈ; ਅਤੇ
- ☐ ਜੋੜੇ ਦੇ ਸਾਂਝੇ ਬੱਚੇ ਨਹੀਂ ਹਨ।

ਸ਼ਰਤ ਲਾਗੂ ਨਹੀਂ ਹੁੰਦੀ ਜੇ:

- ☐ ਜੋੜੇ ਦਾ ਵਿਆਹ ਹੋਏ ਨੂੰ ਦੋ ਨਾਲੋਂ ਜ਼ਿਆਦਾ ਸਾਲ ਹੋ ਗਏ ਹਨ; ਜਾਂ
- ☐ ਜੋੜਾ ਦੋ ਸਾਲ ਨਾਲੋਂ ਜ਼ਿਆਦਾ ਸਮੇਂ ਲਈ ਵਿਆਹੁਤਾ ਰਿਸ਼ਤੇ ਵਿਚ ਰਹਿ ਰਿਹਾ ਹੈ; ਜਾਂ
- ☐ ਜੋੜਾ ਦੋ ਸਾਲ ਨਾਲੋਂ ਜ਼ਿਆਦਾ ਸਮੇਂ ਲਈ ਕੌਮਨ-ਲਾਅ ਰਿਸ਼ਤੇ ਵਿਚ ਰਹਿ ਰਿਹਾ ਹੈ; ਜਾਂ
- ☐ ਜੋੜੇ ਦੇ ਸਾਂਝੇ ਬੱਚੇ ਹਨ (ਸਪੌਂਸਰਸ਼ਿਪ ਦੀ ਅਰਜ਼ੀ ਕਰਨ ਦੇ ਸਮੇਂ) ਭਾਵੇਂ ਉਨ੍ਹਾਂ ਦੇ ਰਿਸ਼ਤੇ ਨੂੰ ਕਿੰਨਾ ਵੀ ਸਮਾਂ ਹੋਇਆ ਹੋਵੇ।

## *ਇਕੱਠੇ ਰਹਿਣ ਦੀ ਸ਼ਰਤ:*

ਸਪੌਂਸਰ ਅਤੇ ਸਪੌਂਸਰ ਕੀਤੇ ਜਾਣ ਵਾਲੇ ਵਿਅਕਤੀ ਲਈ, ਕੈਨੇਡਾ ਵਿਚ ਆਪਣਾ ਪੱਕੇ ਵਸਨੀਕ ਦਾ ਦਰਜਾ ਮਿਲਣ ਵਾਲੇ ਦਿਨ ਤੋਂ ਦੋ ਸਾਲਾਂ ਲਈ **ਲਗਾਤਾਰ** ਇਕੱਠੇ ਵਿਆਹੁਤਾ ਰਿਸ਼ਤੇ ਵਿਚ ਰਹਿਣਾ ਜ਼ਰੂਰੀ ਹੈ।

ਵਿਆਹੁਤਾ ਰਿਸ਼ਤੇ ਨੂੰ ਸਾਬਤ ਕਰਨ ਲਈ ਉਨ੍ਹਾਂ ਲਈ ਇਹ ਪ੍ਰਦਾਨ ਕਰਨਾ ਜ਼ਰੂਰੀ ਹੈ:

- ☐ ਸਾਂਝੇ ਐਡਰੈਸ ਦਾ ਸਬੂਤ।
- ☐ ਸਾਂਝੇ ਬਿੱਲ, ਬੈਂਕ ਅਕਾਊਂਟ।
- ☐ ਜਿਨ੍ਹਾਂ ਕੇਸਾਂ ਵਿਚ ਲੰਬੀ ਜੁਦਾਈ ਹੈ, ਉੱਥੇ ਹਾਲਤ ਬਾਰੇ ਦੱਸਦੀ ਹੋਈ ਚਿੱਠੀ (ਜਿਵੇਂ ਬਿਜ਼ਨਸ ਲਈ ਸਫਰ)।



*ਇਸ ਲਿਖਤ ਵਿਚਲੀ ਜਾਣਕਾਰੀ ਕੈਨੇਡਾ ਇਮੀਗਰੇਸ਼ਨ ਐਂਡ ਰਫਿਊਜੀ ਪ੍ਰੋਟੈਕਸ਼ਨ ਐਕਟ ਅਤੇ ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਕੈਨੇਡਾ ਦੇ ਵੈੱਬਸਾਈਟ ਤੋਂ ਲਈ ਗਈ ਹੈ। ਕੁਝ ਜਾਣਕਾਰੀ ਕੈਨੇਡੀਅਨ ਕੌਂਸਲ ਫਾਰ ਰਫਿਊਜੀਜ਼ ਤੋਂ ਅਪਣਾਈ ਗਈ ਹੈ।*

ਜੇ ਸਪੌਂਸਰ ਕੀਤਾ ਗਿਆ ਵਿਅਕਤੀ ਦੋ ਸਾਲ ਪੂਰੇ ਨਹੀਂ ਕਰਦਾ ਤਾਂ ਇਸ ਦਾ ਮਤਲਬ  ਹੈ ਕਿ ਉਸ ਦੇ ਪੱਕੇ ਵਸਨੀਕ ਦਾ ਦਰਜਾ ਰੱਦ ਕੀਤਾ ਜਾ ਸਕਦਾ ਹੈ ਅਤੇ ਉਸ ਨੂੰ ਕੈਨੇਡਾ ਵਿੱਚੋਂ ਬਾਹਰ ਕੱਢਿਆ ਜਾ ਸਕਦਾ ਹੈ। ਕੈਨੇਡਾ ਤੋਂ ਬਾਹਰ ਕੱਢਣ ਦਾ ਆਰਡਰ ਜਾਰੀ ਕੀਤਾ ਜਾ ਸਕਣ ਤੋਂ ਪਹਿਲਾਂ ਇਮੀਗਰੇਸ਼ਨ ਅਡਜੂਡੀਕੇਟਰ (ਫੈਸਲਾ ਕਰਨ ਵਾਲੇ ਲਈ) ਸੁਣਵਾਈ ਕਰਨਾ ਜ਼ਰੂਰੀ ਹੈ। ਉਸ ਵਿਅਕਤੀ ਨੂੰ ਅਡਜੂਡੀਕੇਟਰ ਵਲੋਂ ਬਾਹਰ ਕੱਢੇ ਜਾਣ ਦੇ ਕਿਸੇ ਵੀ ਆਰਡਰ ਵਿਰੁੱਧ ਅਪੀਲ ਕਰਨ ਦਾ ਹੱਕ ਹੋਵੇਗਾ।

*ਸ਼ਰਤਾਂ ਨਾਲ ਬਣੇ ਪੱਕੇ ਵਸਨੀਕ ਕੋਲ ਇਹ ਕਰਨ ਦੇ ਸਾਰੇ ਹੱਕ ਅਤੇ ਅਤੇ ਵਿਸ਼ੇਸ਼-ਅਧਿਕਾਰ ਹੋਣਗੇ:*

- ☐ ਕੰਮ ਜਾਂ ਸਟੱਡੀ ਦੇ ਕਿਸੇ ਪਰਮਿਟ ਤੋਂ ਬਿਨਾਂ ਕੈਨੇਡਾ ਵਿਚ ਕੰਮ ਕਰਨਾ ਜਾਂ ਪੜ੍ਹਨਾ।
- ☐ ਹੈਲਥਕੇਅਰ ਕਵਰੇਜ ਅਤੇ ਸੋਸ਼ਲ ਬੈਨੇਫਿਟਸ ਤੱਕ ਪਹੁੰਚ ਸਮੇਤ ਵੈਲਫੇਅਰ ਦੇ।
- ☐ ਕੈਨੇਡਾ ਤੋਂ ਬਾਹਰ ਜਾਣਾ ਅਤੇ ਦੁਬਾਰਾ ਦਾਖਲ ਹੋਣਾ।

*ਕੈਨੇਡਾ ਮੰਗਵਾਉਣ ਲਈ ਪਤੀ/ਪਤਨੀ ਨੂੰ ਸਪੌਂਸਰ ਕਰਨਾ:*

***ਸਮਾਂ:***




- ☐ ਜੇ ਰਿਸ਼ਤਾ ਟੁੱਟ ਜਾਂਦਾ ਹੈ ਤਾਂ ਜ਼ਿੰਮੇਵਾਰੀ ਚੁੱਕਣ ਦੇ ਤਿੰਨ ਸਾਲ ਦੇ ਸਮੇਂ ਦੇ ਖਤਮ ਹੋਣ ਤੱਕ ਸਪੌਂਸਰ ਮਾਇਕ ਤੌਰ ’ਤੇ ਜ਼ਿੰਮੇਵਾਰ ਰਹਿੰਦਾ ਹੈ।
- ☐ ਸਪੌਂਸਰ ਕੀਤੇ ਗਏ ਪਤੀ/ਪਤਨੀ ਨੂੰ **ਪੱਕੇ ਵਸਨੀਕ ਦਾ ਦਰਜਾ ਦੇ ਦਿੱਤੇ ਜਾਣ ਤੋਂ ਬਾਅਦ** ਪੰਜ ਸਾਲਾਂ ਲਈ ਹੋਰ ਪਤੀ/ਪਤਨੀ ਨੂੰ ਸਪੌਂਸਰ ਕਰਨ ਤੋਂ **ਰੋਕ** ਹੈ, ਭਾਵੇਂ ਪਹਿਲਾ ਰਿਸ਼ਤਾ ਕਿਸੇ ਵੀ ਕਾਰਨ ਕਰਕੇ ਖਤਮ ਹੋਇਆ ਹੋਵੇ।



*ਇਸ ਲਿਖਤ ਵਿਚਲੀ ਜਾਣਕਾਰੀ ਕੈਨੇਡਾ ਇਮੀਗਰੇਸ਼ਨ ਐਂਡ ਰਫਿਊਜੀ ਪ੍ਰੋਟੈਕਸ਼ਨ ਐਕਟ ਅਤੇ ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਕੈਨੇਡਾ ਦੇ ਵੈੱਬਸਾਈਟ ਤੋਂ ਲਈ ਗਈ ਹੈ। ਕੁਝ ਜਾਣਕਾਰੀ ਕੈਨੇਡੀਅਨ ਕੌਂਸਲ ਫਾਰ ਰਫਿਊਜੀਜ਼ ਤੋਂ ਅਪਣਾਈ ਗਈ ਹੈ।*

## *ਨਿਯਮਾਂ ਵਿਚ ਛੋਟਾਂ*

**ਸ਼ਰਤਾਂ ਨਾਲ ਪੱਕੇ ਵਸਨੀਕ ਦਾ ਦਰਜਾ** ਲਾਗੂ ਹੋਣ ਤੋਂ **ਬੰਦ** ਹੋ ਜਾਂਦਾ, ਜੇ ਅੱਗੇ ਲਿਖਿਆਂ ਵਿੱਚੋਂ ਕੁਝ ਹੋ ਜਾਂਦਾ ਹੈ:

- ☐ ਦੋ ਸਾਲਾਂ ਦੌਰਾਨ ਸਪੌਂਸਰ ਦੀ ਮੌਤ ਹੋ ਜਾਂਦੀ ਹੈ।
- ☐ ਜਿੱਥੇ ਸਪੌਂਸਰ ਵਲੋਂ ਬੁਰੇ ਵਰਤਾਉ ਜਾਂ ਅਣਗਹਿਲੀ ਦਾ ਸਬੂਤ ਹੈ:
  - ➢ ਬੁਰਾ ਵਰਤਾਉ ਸਰੀਰਕ, ਕਾਮੁਕ, ਮਾਨਸਿਕ ਜਾਂ ਮਾਇਕ ਹੋ ਸਕਦਾ ਹੈ। ਇਹ ਸਪੌਂਸਰ ਕੀਤੇ ਗਏ ਵਿਅਕਤੀ ਦੇ ਖਿਲਾਫ ਹੋ ਸਕਦਾ ਹੈ, ਸਪੌਂਸਰ ਜਾਂ ਸਪੌਂਸਰ ਕੀਤੇ ਗਏ ਵਿਅਕਤੀ ਦੇ ਬੱਚੇ ਦੇ ਖਿਲਾਫ ਹੋ ਸਕਦਾ ਹੈ, ਜਾਂ ਕਿਸੇ ਰਿਸ਼ਤੇਦਾਰ ਖਿਲਾਫ ਹੋ ਸਕਦਾ ਹੈ ਜਿਹੜਾ ਘਰ ਵਿਚ ਨਾਲ ਰਹਿੰਦਾ ਹੈ।
  - ➢ ਅਣਗਹਿਲੀ ਜ਼ਿੰਦਗੀ ਦੀਆਂ ਜ਼ਰੂਰਤਾਂ ਪ੍ਰਦਾਨ ਨਾ ਕਰਨਾ ਹੈ ਜਿਵੇਂ ਕਿ ਖਾਣਾ, ਕੱਪੜੇ, ਡਾਕਟਰੀ ਇਲਾਜ ਜਾਂ ਰਿਹਾਇਸ਼, ਆਦਿ, ਜਿਸ ਨਾਲ ਗੰਭੀਰ ਨੁਕਸਾਨ ਹੋਣ ਦਾ ਖਤਰਾ ਹੈ।
- ☐ ਸਪੌਂਸਰ ਨਾਲ ਸੰਬੰਧਿਤ ਕਿਸੇ ਵਿਅਤਕੀ ਦੀ ਬੁਰੇ ਵਰਤਾਉ ਜਾਂ ਅਣਗਹਿਲੀ ਤੋਂ ਹਿਫਾਜ਼ਤ ਕਰਨ ਵਿਚ ਫੇਲ੍ਹ ਹੋਣਾ।
- ☐ ਜਦੋਂ ਵਿਆਹ "ਜਬਰੀ ਵਿਆਹ" ਹੁੰਦਾ ਹੈ – ਇਹ ਉਦੋਂ ਹੁੰਦਾ ਹੈ ਜਦੋਂ ਵਿਆਹ ਵਿਚਲੀ ਘੱਟੋ ਘੱਟ ਇਕ ਧਿਰ ਵਲੋਂ ਆਪਣੀ ਮਰਜ਼ੀ ਨਾਲ ਸਹਿਮਤੀ ਨਹੀਂ ਦਿੱਤੀ ਜਾਂਦੀ। ਜਬਰੀ ਵਿਆਹਾਂ ਵਿਚ, ਵਿਅਕਤੀਆਂ ਨੂੰ ਆਮ ਤੌਰ 'ਤੇ ਪਰਿਵਾਰ ਦੇ ਮੈਂਬਰਾਂ ਵਲੋਂ ਵਿਆਹ ਲਈ ਮਜ਼ਬੂਰ ਕੀਤਾ ਜਾਂਦਾ ਹੈ, ਜੋ ਕਿ ਧਮਕੀਆਂ, ਸਰੀਰਕ ਹਿੰਸਾ, ਜਾਂ ਜਜ਼ਬਾਤੀ ਚਾਲਬਾਜ਼ੀ ਰਾਹੀਂ ਕੀਤਾ ਜਾਂਦਾ ਹੈ।

ਉਪਰ ਵਰਣਨ ਕੀਤੇ ਗਏ ਕੇਸਾਂ ਵਿਚਲੇ ਪੱਕੇ ਵਸਨੀਕਾਂ ਤੋਂ ਸ਼ਰਤਾਂ ਹਟਾਈਆਂ ਜਾ ਸਕਦੀਆਂ ਹਨ, ਭਾਵੇਂ ਉਹ ਵਿਅਕਤੀ ਸ਼ਰਤਾਂ ਦੇ ਸਮੇਂ ਦੌਰਾਨ ਘਰ ਵਿਚ ਰਹਿ ਰਿਹਾ ਹੋਵੇ ਜਾਂ ਨਹੀਂ।

ਜੇ ਤੁਸੀਂ ਬੁਰੇ ਵਰਤਾਉ ਜਾਂ ਅਣਗਹਿਲੀ ਦਾ ਸ਼ਿਕਾਰ ਹੋਏ ਹੋ ਤਾਂ ਤੁਹਾਨੂੰ ਬੁਰੇ ਵਰਤਾਉ ਵਾਲੀ ਹਾਲਤ ਵਿਚ ਰਹਿਣ ਦੀ ਲੋੜ ਨਹੀਂ ਹੈ। ਇਸ ਚੀਜ਼ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਸ਼ਰਤਾਂ ਵਾਲੇ ਪੱਕੇ ਵਸਨੀਕ ਦਾ ਪੈਮਾਨਾ ਤੁਹਾਡੇ 'ਤੇ ਲਾਗੂ ਹੁੰਦਾ ਹੈ ਜਾਂ ਨਹੀਂ। ਕੈਨੇਡਾ ਵਿਚ, ਬੁਰੇ ਵਰਤਾਉ ਨੂੰ ਸਹਿਣ ਨਹੀਂ ਕੀਤਾ ਜਾਂਦਾ। ਸਾਰਾ ਸਰੀਰਕ ਅਤੇ ਕਾਮੁਕ ਬੁਰਾ ਵਰਤਾਉ ਜੁਰਮ ਹੈ। ਬੱਚਿਆਂ ਨਾਲ ਸਾਰੇ ਬੁਰੇ ਵਰਤਾਉ ਦੀ ਰਿਪੋਰਟ ਕੀਤੀ ਜਾਣੀ ਜ਼ਰੂਰੀ ਹੈ।

## *ਬੁਰੇ ਵਰਤਾਉ ਅਤੇ ਅਣਗਹਿਲੀ ਬਾਰੇ ਮੰਨਣਯੋਗ ਸਬੂਤ:*

- ☐ ਪੁਲੀਸ ਜਾਂ ਘਟਨਾਂ ਦੀਆਂ ਰਿਪੋਰਟਾਂ।
- ☐ ਔਰਤਾਂ ਦੇ ਸ਼ੈਲਟਰ ਜਾਂ ਘਰੇਲੂ ਬੁਰੇ ਵਰਤਾਉ ਕਾਰਨ ਮਦਦ ਕਰਨ ਵਾਲੀ ਕਿਸੇ ਸੰਸਥਾ ਵਲੋਂ ਚਿੱਠੀ ਜਾਂ ਬਿਆਨ (ਸਟੇਟਮੈਂਟ)।
- ☐ ਫੈਮਿਲੀ ਸਰਵਿਸਿਜ਼ ਕਲੀਨਿਕ ਵਲੋਂ ਚਿੱਠੀ ਜਾਂ ਬਿਆਨ।



*ਇਸ ਲਿਖਤ ਵਿਚਲੀ ਜਾਣਕਾਰੀ ਕੈਨੇਡਾ ਇਮੀਗਰੇਸ਼ਨ ਐਂਡ ਰਫਿਊਜੀ ਪ੍ਰੋਟੈਕਸ਼ਨ ਐਕਟ ਅਤੇ ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਕੈਨੇਡਾ ਦੇ ਵੈੱਬਸਾਈਟ ਤੋਂ ਲਈ ਗਈ ਹੈ। ਕੁਝ ਜਾਣਕਾਰੀ ਕੈਨੇਡੀਅਨ ਕੌਂਸਲ ਫਾਰ ਰਫਿਊਜੀਜ਼ ਤੋਂ ਅਪਣਾਈ ਗਈ ਹੈ।*

☐ ਕਿਸੇ ਮੈਡੀਕਲ ਡਾਕਟਰ ਜਾਂ ਹੈਲਥਕੇਅਰ ਮਾਹਰ ਤੋਂ ਚਿੱਠੀ, ਬਿਆਨ ਜਾਂ ਰਿਪੋਰਟ।

☐ ਸਹੁੰ ਖਾ ਕੇ ਦਿੱਤਾ ਬਿਆਨ (ਐਫੀਡੇਵਿਟ)।

☐ ਫੋਟੋਆਂ ਜਿਹੜੀਆਂ ਪੀੜਤ ਦੀਆਂ ਸੱਟਾਂ ਦਿਖਾਉਂਦੀਆਂ ਹੋਣ।

☐ ਵੋਆਇਸਮੇਲ ਜਾਂ ਈਮੇਲ ਵਿਚ ਭੇਜੇ ਗਏ ਸੁਨੇਹਿਆਂ ਦੀਆਂ ਲਿਖਤੀ ਕਾਪੀਆਂ।

☐ ਕਿਸੇ ਦੋਸਤ, ਪਰਿਵਾਰ ਦੇ ਮੈਂਬਰ, ਗੁਆਂਢੀ, ਸਾਥੀ-ਵਰਕਰ, ਸਹਾਇਤਾ ਕਰਨ ਵਾਲੀਆਂ ਏਜੰਸੀਆਂ ਦੇ ਸਟਾਫ ਮੈਂਬਰਾਂ, ਕਾਨੂੰਨ ਲਾਗੂ ਕਰਨ ਵਾਲਿਆਂ, ਆਦਿ ਦੇ ਐਫੀਡੇਟਿਵ।

## *ਛੋਟ ਲਈ ਅਪਲਾਈ ਕਰਨ ਤੋਂ ਪਹਿਲਾਂ ਸੁਝਾਅ:*

ਸਪੌਂਸਰ ਕੀਤਾ ਗਿਆ ਵਿਅਕਤੀ:

☐ ਛੋਟ ਲਈ ਬੇਨਤੀ ਕਰਨ ਤੋਂ ਪਹਿਲਾਂ ਸਪੌਂਸਰ ਦੇ ਘਰ ਨੂੰ ਛੱਡ ਕੇ ਚਲਾ ਗਿਆ ਹੋਣਾ ਜ਼ਰੂਰੀ ਹੈ।

☐ ਉਸ ਨੂੰ ਮਦਦ ਲੈ ਕੇ ਫੋਨ ਕਰਨਾ ਚਾਹੀਦਾ ਹੈ ਅਤੇ ਪਹਿਲਾਂ ਹੀ ਤਿਆਰ ਹੋਣਾ ਚਾਹੀਦਾ ਹੈ; ਇਸ ਵਿਚ ਬੁਰੇ ਵਰਤਾਉ ਅਤੇ **ਰਿਸ਼ਤੇ ਦੀ ਅਸਲੀ ਕਿਸਮ** ਦੇ ਲਿਖਤੀ ਸਬੂਤ ਸ਼ਾਮਲ ਹੋ ਸਕਦੇ ਹਨ। ਯਾਦ ਰੱਖੋ ਕਿ ਤੁਸੀਂ ਜੋ ਵੀ ਕਹੋਗੇ ਉਹ ਸਾਰੀ ਕਾਰਵਾਈ ਦੌਰਾਨ ਤੁਹਾਡਾ ਪਿੱਛਾ ਕਰੇਗਾ। ਔਖੇ ਸਮੇਂ ਤੁਸੀਂ ਅਜਿਹੀਆਂ ਗੱਲਾਂ ਕਹਿ ਸਕਦੇ ਹੋ ਜਿਨ੍ਹਾਂ ਤੋਂ ਤੁਹਾਨੂੰ ਬਾਅਦ ਵਿਚ ਮੁਕਰਨਾ ਪੈ ਸਕਦਾ ਹੈ।

☐ ਕਲੇਮ ਕਰਨ ਤੋਂ ਪਹਿਲਾਂ, ਅਤੇ ਸਪੌਂਸਰ ਦਾ ਘਰ ਛੱਡ ਕੇ ਜਾਣ ਤੋਂ ਪਹਿਲਾਂ ਸਬੂਤ ਇਕੱਠਾ ਕਰਨਾ ਚਾਹੀਦਾ ਹੈ ਤਾਂ ਜੋ ਸਪੌਂਸਰ ਕੋਈ ਸਬੂਤ ਖਤਮ ਨਾ ਕਰ ਸਕੇ।

☐ ਗੁਪਤ ਤਰੀਕੇ ਨਾਲ ਵਾਪਸ ਫੋਨ ਕੀਤੇ ਜਾਣ ਲਈ ਸੰਪਰਕ ਕਰਨ ਬਾਰੇ ਜਾਣਕਾਰੀ ਦੇਣ ਲਈ ਤਿਆਰ ਹੋਣਾ ਚਾਹੀਦਾ ਹੈ।

☐ ਇਹ ਸਮਝਣਾ ਜ਼ਰੂਰੀ ਹੈ ਕਿ ਕਿਸੇ ਬੱਚੇ ਨਾਲ ਬੁਰੇ ਵਰਤਾਉ ਦੀ ਰਿਪੋਰਟ, ਜਾਂ ਬੱਚੇ ਵਲੋਂ ਦੇਖਿਆ ਗਿਆ ਬੁਰਾ ਵਰਤਾਉ, ਸੀ ਆਈ ਸੀ ਵਲੋਂ, ਮਾਪੇ ਦੀ ਸਹਿਮਤੀ ਨਾਲ ਜਾਂ ਸਹਿਮਤੀ ਬਿਨਾਂ ਬੱਚਿਆਂ ਦੀ ਹਿਫਾਜ਼ਤ ਕਰਨ ਵਾਲੇ ਅਧਿਕਾਰੀਆਂ ਜਾਂ ਪੁਲੀਸ ਨੂੰ ਦੱਸਿਆ ਜਾ ਸਕਦਾ ਹੈ।

☐ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।

## *ਛੋਟ ਲਈ ਬੇਨਤੀ ਕਰਨਾ:*

ਜੇ ਤੁਹਾਨੂੰ ਸ਼ਰਤਾਂ ਨਾਲ ਪੱਕੇ ਵਸਨੀਕ ਦਾ ਦਰਜਾ ਮਿਲਿਆ ਹੋਵੇ ਤਾਂ ਤੁਸੀਂ ਸ਼ਰਤ ਦੇ ਦੋ-ਸਾਲਾ ਸਮੇਂ ਦੌਰਾਨ ਕਿਸੇ ਵੇਲੇ ਵੀ ਸ਼ਰਤ ਤੋਂ ਛੋਟ ਲਈ ਬੇਨਤੀ ਕਰ ਸਕਦੇ ਹੋ **(ਬੁਰੇ ਵਰਤਾਉ ਦੇ ਕਾਰਨਾਂ ਕਰਕੇ ਜਾਂ ਸਪੌਂਸਰ ਦੀ ਮੌਤ ਹੋ ਜਾਣ ਕਰਕੇ)**। ਤੁਸੀਂ ਅਜਿਹਾ ਸੀ ਆਈ ਸੀ ਕਾਲ ਸੈਂਟਰ ਨੂੰ 1-888-242-2100 'ਤੇ (ਮੁਫਤ) ਫੋਨ ਕਰਕੇ ਕਰ ਸਕਦੇ ਹੋ।



*ਇਸ ਲਿਖਤ ਵਿਚਲੀ ਜਾਣਕਾਰੀ ਕੈਨੇਡਾ ਇਮੀਗਰੇਸ਼ਨ ਐਂਡ ਰਫਿਊਜੀ ਪ੍ਰੋਟੈਕਸ਼ਨ ਐਕਟ ਅਤੇ ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਕੈਨੇਡਾ ਦੇ ਵੈੱਬਸਾਈਟ ਤੋਂ ਲਈ ਗਈ ਹੈ। ਕੁਝ ਜਾਣਕਾਰੀ ਕੈਨੇਡੀਅਨ ਕੌਂਸਲ ਫਾਰ ਰਫਿਊਜੀਜ਼ ਤੋਂ ਅਪਣਾਈ ਗਈ ਹੈ।*

ਛੋਟ ਲਈ ਬੇਨਤੀ ਕਰਨ ਤੋਂ ਪਹਿਲਾਂ ਤੁਹਾਨੂੰ ਸਦਾ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।

ਜੇ ਤੁਹਾਡੀ ਪੜਤਾਲ ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਕੈਨੇਡਾ ਜਾਂ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵਲੋਂ ਹੋ ਰਹੀ ਹੋਵੇ ਤਾਂ ਤੁਹਾਨੂੰ ਫੌਰਨ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ। ਇਹ ਗੱਲ ਨੋਟ ਕਰੋ ਕਿ ਪੜਤਾਲਾਂ ਸਿਰਫ ਸ਼ਰਤਾਂ ਦੇ ਦੋ ਸਾਲਾਂ ਦੇ ਸਮੇਂ ਦੌਰਾਨ ਹੀ ਨਹੀਂ ਹੁੰਦੀਆਂ ਅਤੇ ਇਹ ਸ਼ਰਤਾਂ ਦੇ ਦੋ ਸਾਲ ਦੇ ਸਮੇਂ ਦੇ ਖਤਮ ਹੋ ਜਾਣ ਤੋਂ ਬਾਅਦ ਵੀ ਹੋ ਸਕਦੀਆਂ ਹਨ।

THE LAW FOUNDATION OF BRITISH COLUMBIA



ਇਸ ਲਿਖਤ ਵਿਚਲੀ ਜਾਣਕਾਰੀ ਕੈਨੇਡਾ ਇਮੀਗਰੇਸ਼ਨ ਐਂਡ ਰਫਿਊਜੀ ਪ੍ਰੋਟੈਕਸ਼ਨ ਐਕਟ ਅਤੇ ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਕੈਨੇਡਾ ਦੇ ਵੈੱਬਸਾਈਟ ਤੋਂ ਲਈ ਗਈ ਹੈ। ਕੁਝ ਜਾਣਕਾਰੀ ਕੈਨੇਡੀਅਨ ਕੌਂਸਲ ਫਾਰ ਰਫਿਊਜੀਜ਼ ਤੋਂ ਅਪਣਾਈ ਗਈ ਹੈ।

[Punjabi]